# ਕੀ ਹਾਲ ਹੀ ਵਿੱਚ ਆਸਟ੍ਰੇਲੀਆ ਪਹੁੰਚੇ ਹੋ?

ਜੇ ਤੁਸੀਂ ਹਾਲ ਹੀ ਵਿੱਚ ਆਸਟ੍ਰੇਲੀਆ ਪਹੁੰਚੇ ਹੋ ਤਾਂ ਇਸ ਕਿਤਾਬਚੇ ਵਿੱਚ ਅਜਿਹੀ ਜਾਣਕਾਰੀ ਹੈ ਜੋ ਤੁਹਾਡੇ ਲਈ ਲਾਭਦਾਇਕ ਹੋ ਸਕਦੀ ਹੈ। ਕਿਸੇ ਨਵੇਂ ਦੇਸ਼ ਵਿੱਚ ਪ੍ਰਵਾਸ ਕਰਨਾ ਮੁਸ਼ਕਿਲ ਹੋ ਸਕਦਾ ਹੈ। ਇਕ ਨਵੇਂ ਪ੍ਰਵਾਸੀ ਵਜੋਂ, ਤੁਸੀਂ Australian Government ਕੋਲੋਂ ਕੁਝ ਭੁਗਤਾਨ ਅਤੇ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ।

## ਸਿਹਤ ਸੇਵਾਵਾਂ

ਆਸਟ੍ਰੇਲੀਆ ਵਿੱਚ ਕੌਮੀ ਸਿਹਤ ਸੰਭਾਲ ਪ੍ਰਣਾਲੀ– Medicare ਹੈ। Medicare ਉਹਨਾਂ ਭੁਗਤਾਨਾਂ ਅਤੇ ਸੇਵਾਵਾਂ ਨੂੰ ਪ੍ਰਦਾਨ ਕਰਦੀ ਹੈ, ਜੋ ਸਿਹਤ ਸੰਭਾਲ ਸੇਵਾਵਾਂ ਦੀ ਵਰਤੋਂ ਕਰਨ ਜਾਂ ਦਵਾਈਆਂ ਖਰੀਦਣ ਸਮੇਂ ਮਦਦ ਕਰ ਸਕਦੀਆਂ ਹਨ। ਇਸ ਵਿੱਚ ਕੁਝ ਪੈਸੇ ਵਾਪਸ ਕਰਨਾ ਸ਼ਾਮਲ ਹੈ ਜੇ ਤੁਸੀਂ ਕਿਸੇ ਡਾਕਟਰ ਨੂੰ ਮਿਲਣ ਜਾਣ ਲਈ ਭੁਗਤਾਨ ਕਰਦੇ ਹੋ, ਅਤੇ Pharmaceutical Benefits Scheme ਜਾਂ Repatriation Pharmaceutical Benefits Scheme ਰਾਹੀਂ ਸਸਤੀਆਂ ਦਵਾਈਆਂ ਪ੍ਰਾਪਤ ਕਰਨਾ ਸ਼ਾਮਲ ਹੈ। ਵਧੇਰੇ ਜਾਣਕਾਰੀ ਵਾਸਤੇ **servicesaustralia.gov.au/medicareservices** ਉੱਤੇ ਜਾਓ

ਯੋਗ ਹੋਣ ਦੀਆਂ ਜ਼ਰੂਰਤਾਂ ਅਤੇ Medicare ਵਿੱਚ ਨਾਮ ਕਿਵੇਂ ਦਰਜ਼ ਕਰਨਾ ਹੈ ਦੇ ਬਾਰੇ ਵਧੇਰੇ ਜਾਣਕਾਰੀ ਵਾਸਤੇ **servicesaustralia.gov.au/medicarecard** ਵੇਖੋ।

ਜਦੋਂ ਤੁਸੀਂ Medicare ਵਿੱਚ ਨਾਮ ਦਰਜ਼ ਕਰਵਾਉਂਦੇ ਹੋ ਤਾਂ ਤੁਸੀਂ My Health Record ਪ੍ਰਾਪਤ ਕਰ ਸਕਦੇ ਹੋ। My Health Record ਤੁਹਾਡੀ ਸਿਹਤ ਜਾਣਕਾਰੀ ਦਾ ਇਕ ਸੁਰੱਖਿਅਤ ਔਨਲਾਈਨ ਸੰਖੇਪ ਹੈ। ਇਸ ਵਿੱਚ ਕੀ ਦਰਜ਼ ਕੀਤਾ ਜਾਂਦਾ ਹੈ, ਅਤੇ ਕੌਣ ਇਸ ਤੱਕ ਪਹੁੰਚ ਕਰ ਸਕਦਾ ਹੈ, ਤੁਸੀਂ ਇਸ ਨੂੰ ਕਾਬੂ ਵਿੱਚ ਰੱਖ ਸਕਦੇ ਹੋ। ਤੁਸੀਂ ਆਪਣੀ ਸਿਹਤ ਦੀ ਜਾਣਕਾਰੀ ਨੂੰ ਆਪਣੇ ਡਾਕਟਰਾਂ, ਹਸਪਤਾਲਾਂ ਅਤੇ ਹੋਰ ਸਿਹਤ-ਸੰਭਾਲ ਪ੍ਰਦਾਨ ਕਰਨ ਵਾਲਿਆਂ ਨਾਲ ਸਾਂਝੀ ਕਰਨ ਦੀ ਚੋਣ ਕਰ ਸਕਦੇ ਹੋ। ਤੁਸੀਂ ਆਪਣੇ ਬੱਚੇ ਦੇ My Health Record ਦਾ ਪ੍ਰਬੰਧ ਖੁਦ ਕਰ ਸਕਦੇ ਹੋ, ਜਦ ਤੱਕ ਉਹ 14 ਸਾਲਾਂ ਦੇ ਨਹੀਂ ਹੋ ਜਾਂਦੇ ਹਨ। ਇਕ ਵਾਰ ਜਦ ਉਹ 14 ਸਾਲ ਦੇ ਹੋ ਜਾਂਦੇ ਹਨ ਤਾਂ ਉਹ ਇਸਦਾ ਪ੍ਰਬੰਧ ਖੁਦ ਕਰ ਸਕਦੇ ਹਨ।

ਆਪਣੇ My Health Record ਦੀ ਵਰਤੋਂ ਕਰਨ ਬਾਰੇ ਜਾਣਕਾਰੀ ਵਾਸਤੇ **myhealthrecord.gov.au** ਉੱਤੇ ਜਾਓ ਜਾਂ **1800 723 471** ਉੱਤੇ ਫੋਨ ਕਰੋ।

ਜੇ ਤੁਸੀਂ ਕੁਝ ਖਾਸ ਦੇਸ਼ਾਂ ਤੋਂ ਆਸਟ੍ਰੇਲੀਆ ਦਾ ਦੌਰਾ ਕਰ ਰਹੇ ਹੋ, ਤਾਂ ਤੁਸੀਂ Reciprocal Health Care Agreements ਦੇ ਅਧੀਨ ਕੁਝ ਆਰਥਿਕ ਸਹਾਇਤਾ ਵਾਲੀਆਂ ਸਿਹਤ ਸੇਵਾਵਾਂ ਦੇ ਹੱਕਦਾਰ ਹੋ ਸਕਦੇ ਹੋ। ਆਸਟ੍ਰੇਲੀਆ ਦੇ ਕਈ ਹੋਰ ਦੇਸ਼ਾਂ ਨਾਲ Reciprocal Health Care Agreements ਹਨ। ਇਹਨਾਂ ਦੇਸ਼ਾਂ ਦੀ ਸੂਚੀ ਵਾਸਤੇ **servicesaustralia.gov.au/rhca** ਉੱਤੇ ਜਾਓ।

ਜੇ ਤੁਸੀਂ ਇਹਨਾਂ ਦੇਸ਼ਾਂ ਵਿੱਚੋਂ ਹੋ ਅਤੇ ਯੋਗਤਾ ਦੀਆਂ ਲੋੜਾਂ ਨੂੰ ਪੂਰਾ ਕਰਦੇ ਹੋ, ਤਾਂ ਹੋ ਸਕਦਾ ਹੈ ਤੁਸੀਂ ਆਸਟ੍ਰੇਲੀਆ ਵਿੱਚ ਰਹਿਣ ਦੌਰਾਨ Medicare ਸੇਵਾਵਾਂ ਵਾਸਤੇ ਯੋਗ ਹੋਵੋ।

## ਸਾਡੇ ਭੁਗਤਾਨ

ਤੁਹਾਨੂੰ ਕਿਹੜੇ ਭੁਗਤਾਨ ਪ੍ਰਾਪਤ ਹੋ ਸਕਦੇ ਹਨ ਉਹ ਤੁਹਾਡੇ ਵੀਜ਼ੇ ਦੀ ਕਿਸਮ ਉੱਤੇ ਨਿਰਭਰ ਕਰਦੇ ਹਨ, ਜਾਂ ਜੇ ਤੁਹਾਡੇ ਕੋਲ ਪਹਿਲਾਂ ਹੀ ਆਸਟ੍ਰੇਲੀਆ ਦੇ ਨਾਗਰਿਕਤਾ ਹੈ। ਉਡੀਕ ਦੀਆਂ ਮਿਆਦਾਂ ਅਤੇ ਹੋਰ ਸ਼ਰਤਾਂ ਵੀ ਹੋ ਸਕਦੀਆਂ ਹਨ, ਜਿੰਨ੍ਹਾਂ ਬਾਰੇ ਤੁਹਾਨੂੰ ਜਾਣਨ ਦੀ ਲੋੜ ਹੈ।

ਜੇ ਤੁਸੀਂ ਆਸਟ੍ਰੇਲੀਆ ਵਿੱਚ ਨਵੇਂ ਹੋ ਅਤੇ ਤੁਹਾਡੇ ਕੋਲ ਕੋਈ ਸਥਾਈ ਵਸਨੀਕ, ਮਾਨਵਤਾਵਾਦੀ, ਸ਼ਰਨਾਰਥੀ, ਆਰਜ਼ੀ ਜੀਵਨਸਾਥੀ ਜਾਂ ਅਸਥਾਈ ਸੁਰੱਖਿਆ ਕਿਸਮ ਦਾ ਵੀਜ਼ਾ ਹੈ, ਜਾਂ ਤੁਸੀਂ Special Category ਵਾਲੇ ਵੀਜ਼ੇ ਉੱਤੇ ਆਸਟ੍ਰੇਲੀਆ ਵਿੱਚ ਰਹਿ ਰਹੇ ਨਿਊਜ਼ੀਲੈਂਡ ਦੇ ਵਾਸੀ ਹੋ, ਤਾਂ ਤੁਹਾਨੂੰ ਕੁਝ ਖਾਸ ਭੁਗਤਾਨ ਮਿਲ ਸਕਦੇ ਹਨ।

ਰਿਹਾਇਸ਼ ਦੀਆਂ ਲੋੜਾਂ ਬਾਰੇ ਵਧੇਰੇ ਜਾਣਕਾਰੀ ਵਾਸਤੇ **servicesaustralia.gov.au/residencedescriptions** ਉੱਤੇ ਜਾਓ।

## ਭੁਗਤਾਨ ਬਾਰੇ ਤੁਹਾਡੀਆਂ ਜ਼ਿੰਮੇਵਾਰੀਆਂ

ਸਾਡੇ ਕੁਝ ਭੁਗਤਾਨਾਂ ਵਾਸਤੇ ਤੁਹਾਨੂੰ ਕੁਝ ਵਿਸ਼ੇਸ਼ ਗਤੀਵਿਧੀਆਂ ਕਰਨ ਅਤੇ ਕੁਝ ਵਿਸ਼ੇਸ਼ ਮੁਲਾਕਾਤਾਂ ਉੱਤੇ ਹਾਜ਼ਰ ਹੋਣ ਦੀ ਲੋੜ ਹੁੰਦੀ ਹੈ। ਇਹ ਮਹੱਤਵਪੂਰਣ ਹੈ ਕਿ ਤੁਸੀਂ ਇਹ ਗਤੀਵਿਧੀਆਂ ਕਰੋ, ਅਤੇ ਆਪਣੇ ਭੁਗਤਾਨਾਂ ਨੂੰ ਬੰਦ ਕੀਤੇ ਜਾਣ ਤੋਂ ਬਚਣ ਲਈ ਆਪਣੀਆਂ ਮੁਲਾਕਾਤਾਂ ਉੱਤੇ ਹਾਜ਼ਰ ਹੋਵੋ।

## ਟੀਕਾਕਰਨ ਅਤੇ ਪਰਿਵਾਰਕ ਸਹਾਇਤਾ

National Immunisation Program Schedule ਉੱਤੇ ਸੂਚੀਬੱਧ ਬਚਪਨ ਦੇ ਟੀਕਿਆਂ ਨੂੰ ਪਰਿਵਾਰਕ ਸਹਾਇਤਾ ਭੁਗਤਾਨਾਂ ਨਾਲ ਜੋੜਿਆ ਜਾਂਦਾ ਹੈ। ਅਸੀਂ ਜਾਂਚ ਕਰਾਂਗੇ ਕਿ ਹਰੇਕ ਬੱਚੇ ਜਿਸ ਲਈ ਤੁਸੀਂ ਪਰਿਵਾਰਕ ਭੁਗਤਾਨ ਪ੍ਰਾਪਤ ਕਰ ਰਹੇ ਹੋ, ਉਹ ਟੀਕਾਕਰਨ ਦੀਆਂ ਲੋੜਾਂ ਨੂੰ ਪੂਰਾ ਕਰਦਾ ਹੈ।

ਤੁਹਾਡੇ ਬੱਚੇ ਨੂੰ ਲਾਜ਼ਮੀ ਤੌਰ ਤੇ ਉਸ ਦੀ ਉਮਰ ਦੇ ਹਿਸਾਬ ਨਾਲ ਸਾਰੇ ਟੀਕੇ ਲੱਗੇ ਹੋਣੇ ਚਾਹੀਦੇ ਹਨ ਤਾਂ ਜੋ ਤੁਸੀਂ ਪ੍ਰਾਪਤ ਕਰ ਸਕੋ:

- Family Tax Benefit Part A ਦੀ ਪੂਰੀ ਹੱਕਦਾਰੀ
- Child Care Subsidy

National Immunisation Program Schedule ਨੂੰ ਵੇਖਣ ਲਈ, **health.gov.au/immunisation** ਉੱਤੇ ਜਾਓ

ਟੀਕਾਕਰਨ ਦੀਆਂ ਲੋੜਾਂ ਬਾਰੇ ਵਧੇਰੇ ਜਾਣਕਾਰੀ ਵਾਸਤੇ, **servicesaustralia.gov.au/immunisation** ਉੱਤੇ ਜਾਓ

ਤੁਹਾਨੂੰ ਸਾਨੂੰ ਦੱਸਣ ਦੀ ਲੋੜ ਨਹੀਂ ਹੈ ਕਿ ਤੁਹਾਡਾ ਬੱਚੇ ਦਾ ਟੀਕਾਕਰਨ ਕਦੋਂ ਕੀਤਾ ਜਾਂਦਾ ਹੈ – ਅਸੀਂ ਉਹਨਾਂ ਦੀ ਸਥਿਤੀ ਦੀ ਜਾਂਚ Australian Immunisation Register (AIR) ਉੱਤੇ ਕਰਦੇ ਹਾਂ।

ਤੁਸੀਂ myGov ਜਾਂ Express Plus Medicare ਮੋਬਾਈਲ ਐਪ ਰਾਹੀਂ ਆਪਣੇ Medicare ਔਨਲਾਈਨ ਖਾਤੇ ਦੀ ਵਰਤੋਂ ਕਰਕੇ ਆਪਣੀਆਂ ਜਾਂ 14 ਸਾਲਾਂ ਤੋਂ ਘੱਟ ਉਮਰ ਦੇ ਆਪਣੇ ਬੱਚੇ ਦੀਆਂ ਟੀਕਾਕਰਨ ਇਤਿਹਾਸ ਸੂਚੀਆਂ ਵੇਖ ਸਕਦੇ ਹੋ। ਜੇ ਤੁਸੀਂ 14 ਸਾਲ ਜਾਂ ਇਸ ਤੋਂ ਵੱਡੀ ਉਮਰ ਦੇ ਹੋ, ਤਾਂ ਤੁਸੀਂ ਆਪਣੇ ਖੁਦ ਦੀ ਟੀਕਾਕਰਨ ਇਤਿਹਾਸ ਸੂਚੀ ਨੂੰ ਵੇਖ ਸਕਦੇ ਹੋ। ਜੇ ਤੁਹਾਡਾ ਕੋਈ myGov ਖਾਤਾ ਨਹੀਂ ਹੈ ਤਾਂ ਤੁਸੀਂ **my.gov.au** ਉੱਤੇ ਜਾ ਕੇ ਇਸ ਨੂੰ ਬਣਾ ਸਕਦੇ ਹੋ ਅਤੇ Medicare ਨਾਲ ਲਿੰਕ ਕਰ ਸਕਦੇ ਹੋ।

**servicesaustralia.gov.au/air** ਵਿਖੇ AIR ਬਾਰੇ ਹੋਰ ਪੜ੍ਹੋ

## ਉਡੀਕ ਦਾ ਸਮੇਂ

ਨਵੇਂ ਵਸਨੀਕਾਂ ਨੂੰ ਭੁਗਤਾਨਾਂ ਦਾ ਦਾਅਵਾ ਕਰਨ ਤੋਂ ਪਹਿਲਾਂ ਕੁਝ ਉਡੀਕ ਦੀਆਂ ਮਿਆਦਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ। ਇਸ ਵਿੱਚ ਕੁਝ ਛੋਟਾਂ ਹਨ। ਉਦਾਹਰਣ ਵਜੋਂ, ਜੇ ਤੁਸੀਂ ਕਿਸੇ ਸ਼ਰਨਾਰਥੀ ਵੀਜ਼ੇ ਉੱਤੇ ਇੱਥੇ ਪਹੁੰਚੇ ਹੋ।

ਤੁਹਾਡੀ ਉਡੀਕ ਦੀ ਮਿਆਦ ਉਸ ਦਿਨ ਸ਼ੁਰੂ ਹੁੰਦੀ ਹੈ, ਜਿਸ ਦਿਨ ਤੁਸੀਂ ਸਥਾਈ ਵਸਨੀਕ ਵਾਲਾ ਵੀਜ਼ਾ ਪ੍ਰਾਪਤ ਕਰਨ ਦੇ ਬਾਅਦ ਇੱਥੇ ਰਹਿਣਾ ਸ਼ੁਰੂ ਕਰਦੇ ਹੋ। ਇਸ ਸਮੇਂ ਦੇ ਦੌਰਾਨ ਆਸਟ੍ਰੇਲੀਆ ਵਿੱਚ ਬਿਤਾਏ ਦਿਨ ਹੀ ਸਿਰਫ ਉਡੀਕ ਦੀ ਮਿਆਦ ਵੱਲ ਗਿਣੇ ਜਾਂਦੇ ਹਨ।

ਵਧੇਰੇ ਜਾਣਕਾਰੀ ਵਾਸਤੇ, **servicesaustralia.gov.au/newresidentswaiting** ਉੱਤੇ ਜਾਓ।

## ਅੰਤਰਰਾਸ਼ਟਰੀ ਸਮਾਜਿਕ ਸੁਰੱਖਿਆ ਸਮਝੌਤੇ

ਸਾਡੇ ਦੂਸਰੇ ਦੇਸ਼ਾਂ ਨਾਲ ਸਮਝੌਤੇ ਹਨ ਜੋ ਤੁਹਾਨੂੰ ਸਾਡੇ ਕੋਲੋਂ ਭੁਗਤਾਨ ਪ੍ਰਾਪਤ ਕਰਨ ਵਿੱਚ ਮਦਦ ਕਰ ਸਕਦੇ ਹਨ। ਉਹ ਤੁਹਾਨੂੰ ਦੂਸਰੇ ਦੇਸ਼ ਤੋਂ ਭੁਗਤਾਨ ਪ੍ਰਾਪਤ ਕਰਨ ਵਿੱਚ ਵੀ ਮਦਦ ਕਰ ਸਕਦੇ ਹਨ। ਆਸਟ੍ਰੇਲੀਆ ਅਤੇ ਦੂਸਰੇ ਦੇਸ਼ ਵਿੱਚ ਬਿਤਾਇਆ ਸਮਾਂ ਤੁਹਾਨੂੰ ਭੁਗਤਾਨਾਂ ਵਾਸਤੇ ਯੋਗਤਾ ਪੂਰੀ ਕਰਨ ਵਿੱਚ ਮਦਦ ਕਰ ਸਕਦਾ ਹੈ। ਵਧੇਰੇ ਜਾਣਕਾਰੀ ਵਾਸਤੇ **servicesaustralia.gov.au/issa** ਉੱਤੇ ਜਾਓ।

## ਆਸਟ੍ਰੇਲੀਆ ਤੋਂ ਬਾਹਰ ਰਹਿਣ ਸਮੇਂ ਦਿੱਤੇ ਜਾਂਦੇ ਭੁਗਤਾਨ

ਜੇ ਤੁਸੀਂ ਵਿਦੇਸ਼ ਜਾਂਦੇ ਹੋ ਤਾਂ ਤੁਹਾਡਾ ਭੁਗਤਾਨ ਜਾਂ ਰਿਆਇਤ ਕਾਰਡ ਪ੍ਰਭਾਵਿਤ ਹੋ ਸਕਦਾ ਹੈ। ਤੁਹਾਨੂੰ ਜਾਣ ਤੋਂ ਪਹਿਲਾਂ ਆਪਣੀਆਂ ਯਾਤਰਾ ਯੋਜਨਾਵਾਂ ਬਾਰੇ ਸਾਨੂੰ ਦੱਸਣ ਦੀ ਲੋੜ ਪੈ ਸਕਦੀ ਹੈ, ਇਹ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਤੁਹਾਨੂੰ ਕਿਹੜੇ ਭੁਗਤਾਨ ਪ੍ਰਾਪਤ ਹੁੰਦੇ ਹਨ। ਵਧੇਰੇ ਜਾਣਕਾਰੀ ਵਾਸਤੇ, **servicesaustralia.gov.au/paymentsoverseas** ਉੱਤੇ ਜਾਓ।

# ਸਾਡੀਆਂ ਸੇਵਾਵਾਂ

## ਤੁਹਾਡੀ ਭਾਸ਼ਾ ਵਿੱਚ ਜਾਣਕਾਰੀ

ਸਾਡੇ ਕੋਲ 65 ਤੋਂ ਵਧੇਰੇ ਭਾਸ਼ਾਵਾਂ ਵਿੱਚ ਜਾਣਕਾਰੀ ਹੈ ਜੋ ਤੁਸੀਂ ਪੜ੍ਹ ਸਕਦੇ ਹੋ, ਸੁਣ ਸਕਦੇ ਹੋ ਜਾਂ ਵੇਖ ਸਕਦੇ ਹੋ ਤਾਂ ਜੋ ਸਾਡੇ ਭੁਗਤਾਨਾਂ ਅਤੇ ਸੇਵਾਵਾਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਕੀਤੀ ਜਾ ਸਕੇ। ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਜਾਣਕਾਰੀ ਵਾਸਤੇ **servicesaustralia.gov.au/yourlanguage** ਉੱਤੇ ਜਾਓ।

ਜੇ ਤੁਹਾਨੂੰ ਸਾਡੇ ਭੁਗਤਾਨਾਂ ਜਾਂ ਸੇਵਾਵਾਂ ਵਿੱਚੋਂ ਇਕ ਦਾ ਦਾਅਵਾ ਕਰਨ ਲਈ ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ ਕੀਤੇ ਦਸਤਾਵੇਜ਼ ਦੀ ਲੋੜ ਹੈ, ਤਾਂ ਅਸੀਂ ਅਜਿਹਾ ਮੁਫ਼ਤ ਵਿੱਚ ਕਰਾਂਗੇ।

Centrelink ਭੁਗਤਾਨਾਂ ਅਤੇ ਸੇਵਾਵਾਂ ਬਾਰੇ ਤੁਹਾਡੀ ਆਪਣੀ ਭਾਸ਼ਾ ਵਿੱਚ ਕਿਸੇ ਨਾਲ ਗੱਲ ਕਰਨ ਲਈ ਸਾਨੂੰ **131 202** ਉੱਤੇ ਫੋਨ ਕਰੋ। Medicare ਜਾਂ Child Support ਸੇਵਾਵਾਂ ਵਿੱਚ ਮਦਦ ਵਾਸਤੇ Translating and Interpreting Service (TIS National) ਨੂੰ **131 450** ਉੱਤੇ ਫੋਨ ਕਰੋ।

### Multicultural Service Officers

Multicultural Service Officers ਪ੍ਰਵਾਸੀਆਂ ਅਤੇ ਸ਼ਰਨਾਰਥੀਆਂ ਨੂੰ ਸਾਡੇ ਭੁਗਤਾਨਾਂ ਅਤੇ ਸੇਵਾਵਾਂ ਨਾਲ ਜੋੜਨ ਵਿੱਚ ਮਦਦ ਕਰਨ ਲਈ ਭਾਈਚਾਰਕ ਸਮੂਹਾਂ ਅਤੇ ਸੰਸਥਾਵਾਂ ਦੇ ਨਾਲ ਰਲ ਕੇ ਕੰਮ ਕਰਦੇ ਹਨ।

## ਸ਼ਰਨਾਰਥੀ ਸੇਵਾਵਾਂ

ਜੇ ਤੁਸੀਂ ਕਿਸੇ ਸ਼ਰਨਾਰਥੀ ਜਾਂ ਮਾਨਵਤਾਵਾਦੀ ਵੀਜ਼ੇ ਉੱਤੇ ਆਸਟ੍ਰੇਲੀਆ ਆਏ ਹੋ, ਜਾਂ ਤੁਹਾਨੂੰ ਆਸਟ੍ਰੇਲੀਆ ਵਿੱਚ Permanent Protection Visa ਦਿੱਤਾ ਗਿਆ ਸੀ, ਤਾਂ ਅਸੀਂ ਤੁਹਾਡੀ ਨਵੀਂ ਜ਼ਿੰਦਗੀ ਵਿੱਚ ਵੱਸਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ। ਸਾਡੀਆਂ ਸ਼ਰਨਾਰਥੀ ਸੇਵਾਵਾਂ ਤੁਹਾਨੂੰ ਵਿੱਤੀ ਸਹਾਇਤਾ, Medicare ਵਿੱਚ ਨਾਮ ਦਰਜ਼ ਕਰਵਾਉਣ, Tax File Number ਪ੍ਰਾਪਤ ਕਰਨ ਅਤੇ ਹੇਠ ਲਿਖਿਆਂ ਲਈ ਸਿਫਾਰਸ਼ੀ ਚਿੱਠੀ ਪ੍ਰਾਪਤ ਕਰਨ ਲਈ ਤੁਹਾਡੀ ਮਦਦ ਕਰ ਸਕਦੀਆਂ ਹਨ:

- ਅੰਗਰੇਜ਼ੀ ਭਾਸ਼ਾ ਦੀਆਂ ਜਮਾਤਾਂ
- ਸਿੱਖਿਆ ਅਤੇ ਸਿਖਲਾਈ
- ਰੁਜ਼ਗਾਰ ਸਹਾਇਤਾ

- ਹੋਰ ਸਰਕਾਰੀ ਅਤੇ ਭਾਈਚਾਰਕ ਸੇਵਾਵਾਂ।

ਜੇ ਤੁਹਾਡੇ ਕੋਲ Humanitarian Settlement Program ਪ੍ਰਦਾਤਾ ਹੈ, ਤਾਂ ਉਹ ਸਾਡੀਆਂ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਤੁਹਾਡੀ ਮਦਦ ਕਰਨਗੇ। ਜੇ ਤੁਹਾਡੀ ਮਦਦ ਕਰਨ ਲਈ ਕੋਈ ਨਹੀਂ ਹੈ, ਤਾਂ ਆਪਣੀ ਭਾਸ਼ਾ ਵਿੱਚ ਕਿਸੇ ਨਾਲ ਗੱਲ ਕਰਨ ਲਈ **131 202** ਉੱਤੇ ਫੋਨ ਕਰੋ।

### ਸਮਾਜ ਸੇਵਕ

ਸਾਡੇ ਸਮਾਜ ਸੇਵਕ ਮੁਸ਼ਕਿਲ ਸਮੇਂ ਦੌਰਾਨ ਤੁਹਾਡੀ ਮਦਦ ਕਰਨ ਲਈ ਥੋੜ੍ਹੀ ਮਿਆਦ ਵਾਲੀ ਸਲਾਹ, ਜਾਣਕਾਰੀ ਅਤੇ ਸਹਾਇਤਾ ਸੇਵਾਵਾਂ ਵਾਸਤੇ ਸਿਫਾਰਸ਼ਾਂ ਪ੍ਰਦਾਨ ਕਰ ਸਕਦੇ ਹਨ। ਤੁਸੀਂ ਕਿਸੇ ਵੀ Centrelink ਭੁਗਤਾਨ ਲਾਈਨ ਨੂੰ ਫੋਨ ਕਰਕੇ ਜਾਂ ਕਿਸੇ ਸੇਵਾ ਕੇਂਦਰ ਵਿਖੇ ਜਾ ਕੇ ਸਮਾਜ ਸੇਵਕ ਨਾਲ ਗੱਲ ਕਰਨ ਲਈ ਕਹਿ ਸਕਦੇ ਹੋ।

### International Services

ਅਸੀਂ ਜਾਂਚ ਕਰ ਸਕਦੇ ਹਾਂ ਕਿ ਕੀ ਤੁਸੀਂ ਕਿਸੇ ਦੂਸਰੇ ਦੇਸ਼ ਨਾਲ ਸਮਾਜਿਕ ਸੁਰੱਖਿਆ ਇਕਰਾਰਨਾਮੇ ਦੇ ਆਧਾਰ ਉੱਤੇ ਸਾਡੇ ਕੋਲੋਂ ਭੁਗਤਾਨ ਪ੍ਰਾਪਤ ਕਰ ਸਕਦੇ ਹੋ। ਅਸੀਂ ਤੁਹਾਨੂੰ ਵਿਦੇਸ਼ੀ ਪੈਨਸ਼ਨ ਦਾ ਦਾਅਵਾ ਕਰਨ ਵਿੱਚ ਵੀ ਮਦਦ ਕਰ ਸਕਦੇ ਹਾਂ। ਸਾਡੇ ਨਾਲ **131 673** ਉੱਤੇ ਸੰਪਰਕ ਕਰੋ।

## ਹੋਰ ਜਾਣਕਾਰੀ

### ਆਪਣੇ ਜੀਵਨ ਵਿੱਚ ਤਬਦੀਲੀਆਂ ਬਾਰੇ ਸਾਨੂੰ ਦੱਸੋ

ਜੇ ਤੁਹਾਡੇ ਹਾਲਾਤ ਬਦਲ ਜਾਂਦੇ ਹਨ, ਤੁਹਾਨੂੰ ਇਹ ਸਾਨੂੰ ਦੱਸਣ ਦੀ ਲੋੜ ਹੈ। ਇਸ ਵਿੱਚ ਸ਼ਾਮਲ ਹੋ ਸਕਦਾ ਹੈ, ਤੁਹਾਡਾ ਪਤਾ ਬਦਲਣਾ, ਕੰਮ ਜਾਂ ਪੜ੍ਹਾਈ ਸ਼ੁਰੂ ਕਰਨੀ ਜਾਂ ਬੰਦ ਕਰਨੀ, ਜਾਂ ਜੇ ਤੁਹਾਡਾ ਬੱਚਾ ਪੈਦਾ ਹੋਇਆ ਹੈ।

ਜੇ ਤੁਸੀਂ ਸਾਨੂੰ ਆਪਣੇ ਹਾਲਾਤਾਂ ਵਿੱਚ ਹੋਏ ਬਦਲਾਵਾਂ ਬਾਰੇ ਨਹੀਂ ਦੱਸਦੇ ਹੋ, ਤਾਂ ਅਸੀਂ ਤੁਹਾਨੂੰ ਬਹੁਤ ਜ਼ਿਆਦਾ ਭੁਗਤਾਨ ਕਰ ਸਕਦੇ ਹਾਂ, ਅਤੇ ਤੁਹਾਨੂੰ ਇਸ ਰਕਮ ਨੂੰ ਸਾਨੂੰ ਵਾਪਸ ਕਰਨ ਦੀ ਲੋੜ ਪਵੇਗੀ।

ਇਹ ਯਕੀਨੀ ਬਨਾਉਣ ਲਈ ਅਸੀਂ ਬਕਾਇਦਾ ਸਮੀਖਿਆਵਾਂ ਕਰਦੇ ਹਾਂ ਕਿ ਲੋਕਾਂ ਨੂੰ ਸਹੀ ਭੁਗਤਾਨ ਅਤੇ ਸਹੀ ਰਕਮ ਮਿਲਦੀ ਹੈ।

ਇਸ ਬਾਰੇ ਜਾਣਕਾਰੀ ਵਾਸਤੇ ਕਿ ਕੀ ਨਵਿਆਉਣਾ ਹੈ ਅਤੇ ਕਿਵੇਂ, **servicesaustralia.gov.au/notifychanges** ਉੱਤੇ ਜਾਓ।

### ਬਕਾਇਆ ਰਕਮ

ਕਈ ਵਾਰ ਲੋਕਾਂ ਨੇ ਸਾਡੇ ਪੈਸੇ ਵਾਪਸ ਦੇਣੇ ਹੁੰਦੇ ਹਨ। ਜੇ ਤੁਸੀਂ ਸਾਨੂੰ ਪੈਸੇ ਵਾਪਸ ਦੇਣੇ ਹਨ ਤਾਂ ਤੁਹਾਨੂੰ ਉਹ ਰਕਮ ਸਾਨੂੰ ਵਾਪਸ ਕਰਨ ਦੀ ਲੋੜ ਪਵੇਗੀ। ਵਧੇਰੇ ਜਾਣਕਾਰੀ ਵਾਸਤੇ **servicesaustralia.gov.au/owingmoney** ਉੱਤੇ ਜਾਓ।

#### Assurance of Support

Assurance of Support ਕਿਸੇ ਵਿਅਕਤੀ ਜਾਂ ਸੰਸਥਾ ਦੁਆਰਾ ਅਜਿਹੇ ਵਿਅਕਤੀ ਦੀ ਸਹਾਇਤਾ ਕਰਨ ਦੀ ਵਚਨਬੱਧਤਾ ਹੈ, ਜੋ ਆਸਟ੍ਰੇਲੀਆ ਵਿੱਚ ਪ੍ਰਵਾਸ ਕਰਨ ਲਈ ਅਰਜ਼ੀ ਦੇ ਰਿਹਾ ਹੈ।

ਜੇ ਤੁਸੀਂ Assurance of Support ਪ੍ਰਬੰਧ ਦੇ ਅਧੀਨ ਆਸਟ੍ਰੇਲੀਆ ਵਿੱਚ ਹੋ, ਅਤੇ ਤੁਹਾਨੂੰ ਸਾਡੇ ਵੱਲੋਂ ਆਮਦਨ ਵਾਲੀ ਸਹਾਇਤਾ ਦੇ ਕੁਝ ਖਾਸ ਭੁਗਤਾਨ ਦਿੱਤੇ ਜਾਂਦੇ ਹਨ, ਤਾਂ ਤੁਹਾਡੇ ਭਰੋਸਾ ਦਿਵਾਉਣ ਵਾਲੇ ਨੂੰ ਲਾਜ਼ਮੀ ਤੌਰ ਉੱਤੇ ਪੂਰੀ ਰਕਮ ਦਾ ਭੁਗਤਾਨ ਵਾਪਸ ਕਰਨਾ ਚਾਹੀਦਾ ਹੈ, ਜਦੋਂ ਕਿ ਇਹ ਪ੍ਰਬੰਧ ਅਜੇ ਥਾਂ ਸਿਰ ਹਨ।

## ਅੰਗਰੇਜ਼ੀ ਸਿੱਖਣਾ

ਅਸੀਂ ਤੁਹਾਨੂੰ ਉਹਨਾਂ ਜਮਾਤਾਂ ਤੱਕ ਪਹੁੰਚ ਕਰਨ ਵਿੱਚ ਮਦਦ ਕਰ ਸਕਦੇ ਹਾਂ ਜਿੱਥੇ ਤੁਸੀਂ ਆਪਣੀ ਅੰਗਰੇਜ਼ੀ ਸਿੱਖ ਸਕਦੇ ਹੋ ਜਾਂ ਸੁਧਾਰ ਕਰ ਸਕਦੇ ਹੋ। ਜੇ ਤੁਸੀਂ ਆਸਟ੍ਰੇਲੀਆ ਦੇ ਨਾਗਰਿਕ ਬਣਨਾ ਚਾਹੁੰਦੇ ਹੋ ਤਾਂ ਤੁਹਾਨੂੰ ਅੰਗਰੇਜ਼ੀ ਸਿੱਖਣ ਦੀ ਲੋੜ ਪਵੇਗੀ।

ਜੇ ਤੁਹਾਨੂੰ ਇਕ ਪ੍ਰਵਾਸੀ, ਸ਼ਰਨਾਰਥੀ ਜਾਂ ਮਾਨਵਤਾਵਾਦੀ ਦਾਖਲੇ ਵਜੋਂ ਆਸਟ੍ਰੇਲੀਆ ਵਿੱਚ ਆਉਣ ਲਈ ਵੀਜ਼ਾ ਦਿੱਤਾ ਗਿਆ ਸੀ, ਤਾਂ ਤੁਸੀਂ Department of Home Affairs' Adult Migrant English Program (AMEP) ਰਾਹੀਂ ਅੰਗਰੇਜ਼ੀ ਦੀਆਂ ਮੁਫ਼ਤ ਜਮਾਤਾਂ ਤੱਕ ਪਹੁੰਚ ਕਰ ਸਕਦੇ ਹੋ। ਤੁਹਾਨੂੰ ਆਸਟ੍ਰੇਲੀਆ ਪਹੁੰਚਣ ਜਾਂ ਸਥਾਈ ਵਸਨੀਕ ਬਣਨ ਦੇ 6 ਮਹੀਨਿਆਂ ਦੇ ਅੰਦਰ (ਜਾਂ 12 ਮਹੀਨਿਆਂ ਦੇ ਅੰਦਰ ਜੇ ਤੁਹਾਡੀ ਉਮਰ 15 ਅਤੇ 17 ਸਾਲ ਦੇ ਵਿੱਚਕਾਰ ਹੈ) AMEP ਸੇਵਾ ਪ੍ਰਦਾਤਿਆਂ ਵਿੱਚੋਂ ਕਿਸੇ ਇਕ ਕੋਲ ਪੰਜੀਕਰਨ ਕਰਵਾਉਣ ਦੀ ਲੋੜ ਪਵੇਗੀ।

Skills for Education and Employment ਤੁਹਾਡੀ ਅੰਗਰੇਜ਼ੀ, ਪੜ੍ਹਨ, ਲਿਖਣ ਅਤੇ ਗਣਿਤ ਦੀਆਂ ਮੁੱਢਲੀਆਂ ਮੁਹਾਰਤਾਂ ਵਿੱਚ ਸੁਧਾਰ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ, ਤਾਂ ਜੋ ਤੁਹਾਡੀ ਨੌਕਰੀ ਲੈਣ ਅਤੇ ਕਰਦੇ ਰਹਿਣ ਦੀਆਂ ਸੰਭਾਵਨਾਵਾਂ ਵਿੱਚ ਵਾਧਾ ਕੀਤਾ ਜਾ ਸਕੇ। ਇਹ ਪਤਾ ਕਰਨ ਲਈ ਕਿ ਕੀ ਤੁਸੀਂ ਇਸ ਪ੍ਰੋਗਰਾਮ ਵਾਸਤੇ ਯੋਗ ਹੋ, ਸਾਨੂੰ ਫੋਨ ਕਰੋ ਜਾਂ ਕਿਸੇ ਸੇਵਾ ਕੇਂਦਰ ਵਿਖੇ ਜਾਓ।

## ਪਰਿਵਾਰਕ ਅਤੇ ਘਰੇਲੂ ਹਿੰਸਾ

ਅਸੀਂ ਜਾਣਕਾਰੀ, ਸਰੋਤ ਅਤੇ ਸਿਫਾਰਸ਼ਾਂ ਪ੍ਰਦਾਨ ਕਰਕੇ ਪਰਿਵਾਰਕ ਅਤੇ ਘਰੇਲੂ ਹਿੰਸਾ ਤੋਂ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਕਰਦੇ ਹਾਂ।

ਸਾਡੇ ਕੋਲ ਵੱਖ ਵੱਖ ਭਾਸ਼ਾਵਾਂ ਵਿੱਚ ਜਾਣਕਾਰੀ ਮੌਜੂਦ ਹੈ। ਜੇ ਤੁਸੀਂ ਜਾਂ ਤੁਹਾਡਾ ਜਾਣਕਾਰ ਪਰਿਵਾਰਕ ਅਤੇ ਘਰੇਲੂ ਹਿੰਸਾ ਤੋਂ ਪ੍ਰਭਾਵਿਤ ਹੋ, ਤਾਂ **servicesaustralia.gov.au/domesticviolence** ਉੱਤੇ ਜਾਓ।

ਸਹਾਇਤਾ ਇੱਥੋਂ ਵੀ ਉਪਲਬਧ ਹੈ:

1800RESPECT—1800 737 732 ਜਾਂ 1800RESPECT.org.au

MensLine Australia—1300 789 978 ਜਾਂ mensline.org.au

# ਵਾਧੂ ਸਹਾਇਤਾ

## ਆਪਣੀ ਥਾਂਵੇਂ ਸਾਡੇ ਨਾਲ ਗੱਲ ਕਰਨ ਲਈ ਕਿਸੇ ਹੋਰ ਨੂੰ ਮਿੱਥਣਾ

ਜੇ ਤੁਸੀਂ ਆਪਣੇ Centrelink, Medicare ਜਾਂ Child Support ਕੰਮਾਂ ਨੂੰ ਕਿਸੇ ਹੋਰ ਦੁਆਰਾ ਸੰਭਾਲੇ ਜਾਣ ਨੂੰ ਤਰਜੀਹ ਦੇਵੋਗੇ, ਤਾਂ ਤੁਸੀਂ ਕਿਸੇ ਵਿਅਕਤੀ ਜਾਂ ਸੰਸਥਾ ਨੂੰ ਤੁਹਾਡੀ ਥਾਂਵੇਂ ਸਾਡੇ ਨਾਲ ਗੱਲ ਕਰਨ ਲਈ ਅਖਤਿਆਰ ਦੇ ਸਕਦੇ ਹੋ।

ਇਹਨਾਂ ਪ੍ਰਬੰਧਾਂ ਬਾਰੇ ਵਧੇਰੇ ਜਾਣਕਾਰੀ ਵਾਸਤੇ:

- **servicesaustralia.gov.au/authorisedrepresentative** ਉੱਤੇ ਜਾਓ।
- ਸਾਨੂੰ ਫੋਨ ਕਰੋ
- ਕਿਸੇ ਸੇਵਾ ਕੇਂਦਰ ਵਿੱਚ ਜਾਓ।

## ਆਪਣੇ ਪੈਸੇ ਦਾ ਪ੍ਰਬੰਧ ਕਰਨਾ

ਆਪਣੇ ਪੈਸੇ ਦੀ ਵਰਤੋਂ ਕਰਨ ਦਾ ਤਰੀਕਾ ਤੁਹਾਡੀ ਜਿੰਦਗੀ ਦੇ ਦੌਰਾਨ ਬਦਲ ਜਾਵੇਗਾ। ਆਪਣੇ ਜੀਵਨ ਦੇ ਵੱਖ ਵੱਖ ਸਮਿਆਂ ਉੱਤੇ ਤੁਹਾਡੀ ਮਦਦ ਕਰਨ ਲਈ ਜਾਣਕਾਰੀ ਲੈਣ ਵਾਸਤੇ **servicesaustralia.gov.au/managingmoney** ਉੱਤੇ ਜਾਓ।

### Centrepay

Centrepay ਸਵੈ-ਇੱਛਾ ਵਾਲੀ ਬਿੱਲਾਂ ਦਾ ਭੁਗਤਾਨ ਕਰਨ ਵਾਲੀ ਸੇਵਾ ਹੈ ਜੋ ਗਾਹਕਾਂ ਵਾਸਤੇ ਮੁਫ਼ਤ ਹੈ। ਤੁਹਾਡੇ Centrelink ਭੁਗਤਾਨ ਤੋਂ ਬਕਾਇਦਾ ਕਟੌਤੀਆਂ ਦਾ ਬੰਦੋਬਸਤ ਕਰਨ ਲਈ Centrepay ਦੀ ਵਰਤੋਂ ਕਰੋ। ਤੁਸੀਂ ਆਪਣੇ ਬਕਾਇਦਾ ਬਿੱਲਾਂ ਅਤੇ ਦੂਸਰੇ ਖ਼ਰਚਿਆਂ ਜਿਵੇਂ ਕਿ ਕਿਰਾਇਆ, ਬਿਜਲੀ ਅਤੇ ਫ਼ੋਨ ਦੇ ਬਿੱਲਾਂ ਦਾ ਭੁਗਤਾਨ ਕਰ ਸਕਦੇ ਹੋ। ਤੁਸੀਂ ਜਦੋਂ ਵੀ ਤੁਸੀਂ ਚਾਹੋ Centrepay ਦੀ ਵਰਤੋਂ ਸ਼ੁਰੂ ਜਾਂ ਬੰਦ ਕਰ ਸਕਦੇ ਹੋ। ਆਪਣੀਆਂ ਕਟੌਤੀਆਂ ਨੂੰ ਸੈੱਟ ਜਾਂ ਪ੍ਰਬੰਧ ਕਰਨ ਲਈ ਤੁਸੀਂ myGov ਜਾਂ Express Plus ਮੋਬਾਈਲ ਐਪ ਰਾਹੀਂ ਆਪਣੇ Centrelink ਦੇ ਔਨਲਾਈਨ ਖਾਤੇ ਦੀ ਵਰਤੋਂ ਕਰ ਸਕਦੇ ਹੋ।

ਵਧੇਰੇ ਜਾਣਕਾਰੀ ਵਾਸਤੇ ਜਾਂ ਕੋਈ ਮਨਜ਼ੂਰਸ਼ੁਦਾ ਕਾਰੋਬਾਰ ਲੱਭਣ ਲਈ **servicesaustralia.gov.au/centrepay** ਉੱਤੇ ਜਾਓ।

## ਵਧੀਕ ਭੁਗਤਾਨ ਅਤੇ ਸੇਵਾਵਾਂ

ਅਸੀਂ ਸਮਝਦੇ ਹਾਂ ਕਿ ਤੁਹਾਡੇ ਕੁਝ ਖ਼ਰਚੇ ਜਾਂ ਮੁੱਦੇ ਹੋ ਸਕਦੇ ਹਨ ਜਿੰਨ੍ਹਾਂ ਲਈ ਤੁਹਾਨੂੰ ਵਾਧੂ ਮਦਦ ਦੀ ਲੋੜ ਹੈ। ਹੇਠ ਲਿਖਿਆਂ ਵਿੱਚੋਂ ਤੁਸੀਂ ਕੁਝ ਤੱਕ ਪਹੁੰਚ ਵੀ ਕਰ ਸਕਦੇ ਹੋ:

- Rent Assistance
- Child Care Subsidy
- Rent Deduction Scheme
- Agents and Access Points
- Financial Information Service.

ਇਹਨਾਂ ਭੁਗਤਾਨਾਂ ਅਤੇ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਵਾਸਤੇ **servicesaustralia.gov.au** ਉੱਤੇ ਜਾਓ ਜਾਂ ਸਾਨੂੰ ਫੋਨ ਕਰੋ।

# ਆਪਣਾ ਕੰਮ ਔਨਲਾਈਨ ਕਰੋ

ਸਾਡੇ ਨਾਲ ਕਦੇ ਵੀ ਅਤੇ ਕਿਤੇ ਵੀ ਔਨਲਾਈਨ ਕੰਮ ਕਰਨਾ ਸੌਖਾ ਹੈ। ਤੁਹਾਡੀ ਜਾਣਕਾਰੀ ਤੱਕ ਪਹੁੰਚ ਕਰਨ ਅਤੇ ਸਾਡੇ ਕੋਲ ਫੋਨ ਕਰਨ ਜਾਂ ਮਿਲਣ ਦੀ ਲੋੜ ਤੋਂ ਬਿਨਾਂ ਆਪਣਾ ਕੰਮ ਕਰਵਾਉਣ ਲਈ Centrelink ਜਾਂ Medicare ਔਨਲਾਈਨ ਖਾਤੇ ਦੀ ਵਰਤੋਂ ਕਰੋ।

### myGov ਅਤੇ ਔਨਲਾਈਨ ਖਾਤੇ

myGov ਤੁਹਾਨੂੰ ਸਾਰੀਆਂ ਸਰਕਾਰੀ ਸੇਵਾਵਾਂ ਤੱਕ ਇਕ ਜਗ੍ਹਾ ਉੱਤੇ ਔਨਲਾਈਨ ਪਹੁੰਚ ਪ੍ਰਦਾਨ ਕਰਦੀ ਹੈ।

**my.gov.au** ਉੱਤੇ ਜਾਓ ਅਤੇ ਆਪਣਾ myGov ਖਾਤਾ ਬਣਾਉਣ ਲਈ ਸੰਕੇਤਾਂ ਦੀ ਪਾਲਣਾ ਕਰੋ। ਆਪਣੇ ਔਨਲਾਈਨ ਖਾਤੇ ਨੂੰ ਲਿੰਕ ਕਰਨ ਲਈ, **Services** ਦੀ ਚੋਣ ਕਰੋ ਅਤੇ ਫੇਰ **Medicare** ਜਾਂ **Centrelink** ਦੀ ਚੋਣ ਕਰੋ। ਤੁਹਾਨੂੰ ਕੁਝ ਸਵਾਲਾਂ ਦੇ ਜਵਾਬ ਦੇਣ ਦੀ ਲੋੜ ਪਵੇਗੀ, ਜੋ ਖਾਸ ਤੌਰ ਤੇ ਤੁਹਾਡੇ ਲਈ ਨਿੱਜੀ ਹਨ। ਇਹ ਸਹੀ ਰਿਕਾਰਡ ਨੂੰ ਤੁਹਾਡੇ myGov ਖਾਤੇ ਨਾਲ ਜੋੜਨ ਵਿੱਚ ਸਾਡੀ ਮਦਦ ਕਰਦਾ ਹੈ।

myGov ਦੇ ਬਾਰੇ ਵਧੇਰੇ ਜਾਣਕਾਰੀ ਵਾਸਤੇ **servicesaustralia.gov.au/mygov** ਉੱਤੇ ਜਾਓ।

myGov ਖਾਤਾ ਬਨਾਉਣ ਲਈ, ਜਾਂ Medicare ਜਾਂ Centrelink ਔਨਲਾਈਨ ਖਾਤੇ ਵਾਸਤੇ ਪੰਜੀਕਰਨ ਕਰਨ ਲਈ, **servicesaustralia.gov.au/register** ਉੱਤੇ ਜਾਓ

ਆਪਣੇ myGov ਖਾਤੇ, Centrelink ਔਨਲਾਈਨ ਖਾਤੇ ਅਤੇ Medicare ਔਨਲਾਈਨ ਖਾਤਿਆਂ ਵਿੱਚ ਮਦਦ ਲੈਣ ਵਾਸਤੇ, **servicesaustralia.gov.au/onlineguides** ਉੱਤੇ ਜਾਓ।

## myGov **ਕੋਡ ਜਨਰੇਟਰ ਐਪ**

ਜੇ ਤੁਸੀਂ ਵਿਦੇਸ਼ ਯਾਤਰਾ ਕਰਨ ਦੀ ਯੋਜਨਾ ਬਣਾ ਰਹੇ ਹੋ ਜਾਂ ਤੁਹਾਡੇ ਕੋਲ ਮੋਬਾਈਲ ਦੀ ਸੀਮਤ ਰਿਸੈਪਸ਼ਨ ਹੈ, ਤਾਂ ਤੁਹਾਨੂੰ myGov Code Generator ਐਪ ਦੀ ਲੋੜ ਪੈ ਸਕਦੀ ਹੈ।

myGov Code Generator ਕੋਡਾਂ ਨੂੰ ਬਣਾਉਂਦਾ ਹੈ। ਜਦੋਂ ਤੁਸੀਂ **my.gov.au** ਉੱਤੇ ਆਪਣੇ myGov ਖਾਤੇ ਵਿੱਚ ਦਾਖਲ ਹੁੰਦੇ (ਸਾਈਨ ਇਨ ਕਰਦੇ) ਹੋ ਤਾਂ ਤੁਸੀਂ ਐਪ ਤੋਂ ਇਕ ਕੋਡ ਦਰਜ਼ ਕਰਦੇ ਹੋ। ਤੁਸੀਂ ਐਪ ਰਾਹੀਂ ਆਪਣੇ myGov ਖਾਤੇ ਵਿੱਚ ਸਾਈਨ ਇਨ ਨਹੀਂ ਕਰ ਸਕਦੇ ਹੋ।

ਜੇ ਤੁਸੀਂ ਵਿਦੇਸ਼ ਯਾਤਰਾ ਕਰ ਰਹੇ ਹੋ, ਅਤੇ ਤੁਹਾਡੇ ਕੋਲ ਮੋਬਾਈਲ ਡਿਵਾਈਸ ਹੈ, ਤਾਂ ਇਹ ਯਕੀਨੀ ਬਣਾਓ ਕਿ ਤੁਸੀਂ ਜਾਣ ਤੋਂ ਪਹਿਲਾਂ ਐਪ ਨੂੰ ਡਾਊਨਲੋਡ ਅਤੇ ਸੈੱਟ ਅੱਪ ਕਰ ਕੇ ਜਾਂਦੇ ਹੋ।

myGov Code Generator ਬਾਰੇ ਮਹੱਤਵਪੂਰਣ ਜਾਣਕਾਰੀ ਵਾਸਤੇ **servicesaustralia.gov.au/mygov** ਉੱਤੇ ਜਾਓ।

## Express Plus **ਮੋਬਾਈਲ ਐਪਾਂ**

ਸਾਡੇ ਨਾਲ ਕੰਮ ਕਰਨ ਲਈ ਸਾਡੀਆਂ Express Plus ਮੋਬਾਈਲ ਐਪਾਂ ਦੀ ਵਰਤੋਂ ਦਿਨ ਵਿੱਚ 24 ਘੰਟੇ, ਹਫਤੇ ਦੇ 7 ਦਿਨ ਕਰੋ। ਇਸ ਤੋਂ ਪਹਿਲਾਂ ਕਿ ਤੁਸੀਂ ਐਪ ਨੂੰ ਸੈੱਟ ਕਰ ਸਕੋ, ਤੁਹਾਨੂੰ Centrelink ਜਾਂ Medicare ਨਾਲ ਲਿੰਕ ਕੀਤੇ myGov ਖਾਤੇ ਦੀ ਲੋੜ ਪਵੇਗੀ।

ਸਾਡੀਆਂ ਐਪਾਂ ਨਾਲ ਜੋ ਕੰਮ ਤੁਸੀਂ ਕਰ ਸਕਦੇ ਹੋ, ਉਹਨਾਂ ਬਾਰੇ ਵਧੇਰੇ ਜਾਣਕਾਰੀ ਵਾਸਤੇ **servicesaustralia.gov.au/expressplus** ਉੱਤੇ ਜਾਓ।

## **ਘੋਟਾਲੇ ਅਤੇ ਤੁਹਾਡੀ ਔਨਲਾਈਨ ਸੁਰੱਖਿਆ**

ਆਪਣੀ ਜਾਣਕਾਰੀ ਨੂੰ ਔਨਲਾਈਨ ਸੁਰੱਖਿਅਤ ਰੱਖੋ। ਇਹ ਪਤਾ ਕਰਨ ਲਈ ਕਿ ਕਿਵੇਂ **servicesaustralia.gov.au/scams** ਉੱਤੇ ਜਾਓ।

ਜੇ ਤੁਸੀਂ ਸੋਚਦੇ ਹੋ ਕਿ ਤੁਹਾਡੇ ਨਾਲ ਘੋਟਾਲਾ ਹੋਇਆ ਹੈ ਤਾਂ ਸਾਡੇ Scams and Identity Theft Helpdesk ਨੂੰ **1800 941 126** ਉੱਤੇ ਫੋਨ ਕਰੋ।

## **ਤਾਜ਼ਾ ਜਾਣਕਾਰੀ ਰੱਖਣਾ**

ਭੁਗਤਾਨਾਂ ਅਤੇ ਸੇਵਾਵਾਂ ਵਿੱਚ ਕੀਤੀਆਂ ਜਾ ਰਹੀਆਂ ਤਬਦੀਲੀਆਂ ਬਾਰੇ ਪਤਾ ਕਰਨ ਲਈ:

- **servicesaustralia.gov.au/multicultural** ਵਿਖੇ ਤਾਜ਼ਾ ਜਾਣਕਾਰੀ ਵਾਸਤੇ ਸਾਡੀ ਔਨਲਾਈਨ ਖ਼ਬਰਾਂ ਦੀ ਸੇਵਾ ਉੱਤੇ ਜਾਓ ਅਤੇ ਮੈਂਬਰ ਬਣੋ
- ਸਾਨੂੰ **facebook.com/ServicesAustralia** ਉੱਤੇ ਪਸੰਦ ਕਰੋ ਅਤੇ ਸਾਨੂੰ ਸਵਾਲ ਪੁੱਛੋ
- **twitter.com/ServicesGovAU** ਵਿਖੇ Twitter ਉੱਤੇ ਸਾਨੂੰ ਫਾਲੋਅ ਕਰੋ

## ਹੋਰ ਰੂਪਾਂ ਵਿੱਚ ਜਾਣਕਾਰੀ

ਕੁਝ ਜਾਣਕਾਰੀ ਆਡੀਓ CD/DVD, ਵੱਡੇ ਅੱਖਰਾਂ, ਬਰੇਲ ਅਤੇ ਈ-ਟੈਕਸਟ ਵਿੱਚ ਮੌਜੂਦ ਹੈ। ਆਪਣੀ ਬੇਨਤੀ ਦੇ ਨਾਲ ਸਾਨੂੰ **132 717** ਉੱਤੇ ਫੋਨ ਕਰੋ।

ਜੇ ਤੁਸੀਂ ਬੋਲ਼ੇ ਹੋ ਜਾਂ ਤੁਹਾਨੂੰ ਸੁਣਨ ਜਾਂ ਬੋਲਣ ਵਿੱਚ ਵਿਕਾਰ ਹੈ ਤਾਂ National Relay Service Helpdesk ਨੂੰ **1800 555 660** ਉੱਤੇ ਫੋਨ ਕਰੋ ਜਾਂ **communications.gov.au/accesshub** ਉੱਤੇ ਜਾਓ।

# ਵਧੇਰੇ ਜਾਣਕਾਰੀ ਲਈ

- ਆਪਣੇ ਬਕਾਇਦਾ ਭੁਗਤਾਨ ਨੰਬਰ ਨੂੰ ਫੋਨ ਕਰੋ ਅਤੇ ਸਾਨੂੰ ਦੱਸੋ ਕਿ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ। ਅਸੀਂ ਇਸ ਦਾ ਪ੍ਰਬੰਧ ਮੁਫ਼ਤ ਕਰਾਂਗੇ। ਸਾਡੇ ਫ਼ੋਨ ਨੰਬਰਾਂ ਦੀ ਸੂਚੀ ਵਾਸਤੇ, **servicesaustralia.gov.au/phoneus** ਉੱਤੇ ਜਾਓ।
- Centrelink ਭੁਗਤਾਨਾਂ ਅਤੇ ਸੇਵਾਵਾਂ ਬਾਰੇ ਆਪਣੀ ਭਾਸ਼ਾ ਵਿੱਚ ਸਾਡੇ ਨਾਲ ਗੱਲ ਕਰਨ ਲਈ **131 202** ਉੱਤੇ ਫੋਨ ਕਰੋ।
- Medicare ਅਤੇ Child Support ਭੁਗਤਾਨਾਂ ਅਤੇ ਸੇਵਾਵਾਂ ਬਾਰੇ ਆਪਣੀ ਭਾਸ਼ਾ ਵਿੱਚ ਸਾਡੇ ਨਾਲ ਗੱਲ ਕਰਨ ਲਈ Translating and Interpreting Service (TIS National) ਨੂੰ **131 450** ਉੱਤੇ ਫੋਨ ਕਰੋ।
- ਆਪਣੀ ਭਾਸ਼ਾ ਵਿੱਚ ਵਧੇਰੇ ਜਾਣਕਾਰੀ ਵਾਸਤੇ **servicesaustralia.gov.au/yourlanguage** ਉੱਤੇ ਜਾਓ।

**ਨੋਟ**: ਤੁਹਾਡੇ ਘਰ ਤੋਂ ਆਸਟ੍ਰੇਲੀਆ ਵਿੱਚ ਕਿਤੇ ਵੀ '13' ਨੰਬਰਾਂ ਉੱਤੇ ਕੀਤੀਆਂ ਫੋਨ ਕਾਲਾਂ ਵਾਸਤੇ ਨਿਸ਼ਚਿਤ ਦਰ ਨਾਲ ਲਾਗਤ ਲਈ ਜਾਂਦੀ ਹੈ। ਇਹ ਦਰ ਕਿਸੇ ਸਥਾਨਕ ਫੋਨ ਦੀ ਕੀਮਤ ਤੋਂ ਵੱਖ ਹੋ ਸਕਦੀ ਹੈ, ਅਤੇ ਟੈਲੀਫੋਨ ਸੇਵਾ ਪ੍ਰਦਾਤਿਆਂ ਵਿਚਕਾਰ ਵੀ ਵੱਖ ਵੱਖ ਹੋ ਸਕਦੀ ਹੈ। ਤੁਹਾਡੇ ਘਰ ਤੋਂ '1800' ਨੰਬਰਾਂ ਉੱਤੇ ਕੀਤੀਆਂ ਫੋਨ ਕਾਲਾਂ ਮੁਫ਼ਤ ਹਨ। ਜਨਤਕ ਅਤੇ ਮੋਬਾਈਲ ਫ਼ੋਨਾਂ ਤੋਂ ਕੀਤੀਆਂ ਫੋਨ ਕਾਲਾਂ ਵਾਸਤੇ ਸਮੇਂ ਦੇ ਹਿਸਾਬ ਨਾਲ ਅਤੇ ਉੱਚੀ ਦਰ ਉੱਤੇ ਲਾਗਤ ਲਈ ਜਾ ਸਕਦੀ ਹੈ।

**ਬੇਦਾਅਵਾ:** ਇਹ ਜਾਣਕਾਰੀ ਜੁਲਾਈ 2020 ਤੱਕ ਸਹੀ ਹੈ। ਇਸ ਪ੍ਰਕਾਸ਼ਨ ਵਿੱਚ ਦਿੱਤੀ ਜਾਣਕਾਰੀ ਦਾ ਇਰਾਦਾ ਕੇਵਲ ਭੁਗਤਾਨਾਂ ਅਤੇ ਸੇਵਾਵਾਂ ਵਾਸਤੇ ਇਕ ਗਾਈਡ ਵਜੋਂ ਹੀ ਹੈ। ਇਹ ਫੈਸਲਾ ਕਰਨਾ ਤੁਹਾਡੀ ਆਪਣੀ ਜ਼ਿੰਮੇਵਾਰੀ ਹੈ ਕਿ ਤੁਹਾਡੇ ਵਿਸ਼ੇਸ਼ ਹਾਲਾਤਾਂ ਦੇ ਸਬੰਧ ਵਿੱਚ ਕੀ ਤੁਸੀਂ ਕਿਸੇ ਭੁਗਤਾਨ ਵਾਸਤੇ ਅਰਜ਼ੀ ਦੇਣਾ ਚਾਹੁੰਦੇ ਹੋ।

# Recently arrived in Australia?

This brochure has information that might be useful to you if you have recently moved to Australia. Moving to a new country can be difficult. As a new arrival, you may get some payments and services from the Australian Government.

## Health services

Australia has a national health care system—Medicare. Medicare provides payments and services that can help when you use health care services or buy medicines. This includes getting some money back if you pay to visit a doctor, and getting cheaper medicines through the Pharmaceutical Benefits Scheme or Repatriation Pharmaceutical Benefits Scheme. For more information go to **servicesaustralia.gov.au/medicareservices**

For more information about eligibility requirements and how to enrol in Medicare go to **servicesaustralia.gov.au/medicarecard**

You can get a My Health Record when you enrol in Medicare. A My Health Record is a secure online summary of your health information. You can control what goes into it, and who can access it. You can choose to share your health information with your doctors, hospitals and other healthcare providers. You can manage your child's My Health Record until they turn 14. Once they turn 14, they can manage it themselves.

For information about using your My Health Record go to **myhealthrecord.gov.au** or call **1800 723 471**.

If you are visiting Australia from certain countries, you may be entitled to some subsidised health services under Reciprocal Health Care Agreements. Australia has Reciprocal Health Care Agreements with a number of other countries. For a list of these countries go to **servicesaustralia.gov.au/rhca**

If you are from one of these countries and meet the eligibility requirements, you may be eligible for Medicare services while you are in Australia.

## Our payments

The payments you can get depend on the type of visa you hold or if you already have Australian citizenship. There may also be waiting periods and other conditions you need to know about.

You may get certain payments if you are new to Australia and have a permanent residence, humanitarian, refugee, provisional partner or temporary protection type visa, or you are a New Zealander living in Australia on a Special Category visa.

For more information about residence requirements go to **servicesaustralia.gov.au/residencedescriptions**

### Your payment obligations

Some of our payments require you to do certain activities and go to certain appointments. It is important you do these activities and go to your appointments to avoid your payments being stopped.

### Immunisation and family assistance

Childhood vaccinations listed on the National Immunisation Program Schedule are linked to family assistance payments. We will check if each child you are getting family payments for meets the immunisation requirements.

Your child must be up to date with their immunisations for you to get:

- the full entitlement of Family Tax Benefit Part A
- Child Care Subsidy.

To view the National Immunisation Program Schedule, go to **health.gov.au/immunisation**

For more information about immunisation requirements, go to **servicesaustralia.gov.au/immunisation**

You do not need to tell us when your child is immunised—we check their status on the Australian Immunisation Register (AIR).

You can view immunisation history statements for yourself or your child under 14 years using your Medicare online account through myGov or the Express Plus Medicare mobile app. If you are 14 years or older, you can view your own immunisation history statement. If you do not have a myGov account you can create one at **my.gov.au** and link to Medicare.

Read more about the AIR at **servicesaustralia.gov.au/air**

### Waiting periods

New residents must serve certain waiting periods before claiming payments. There are exemptions to this. For example, if you arrived on a refugee visa.

Your waiting period starts on the day you start living here after you get a permanent residence visa. Only days spent in Australia during this time count towards the waiting period.

For more information, go to **servicesaustralia.gov.au/newresidentswaiting**

### International social security agreements

We have agreements with other countries that may help you get a payment from us. They may also help you get a payment from the other country. Time spent in Australia and the other country may help you to qualify for payments. For more information go to **servicesaustralia.gov.au/issa**

### Payments paid outside Australia

Your payment or concession card may be affected if you go overseas. Depending on which payment you get, you may need to tell us about your travel plans before you leave. For more information, go to **servicesaustralia.gov.au/paymentsoverseas**

## Our services

### Information in your language

We have information in over 65 languages that you can read, listen to or watch to help you understand our payments and services. For information in languages other than English go to **servicesaustralia.gov.au/yourlanguage**

If you need a document in another language translated to claim one of our payments or services, we will do this for free.

Call us on **131 202** to speak to someone in your language about Centrelink payments and services. For help with Medicare or Child Support services call the Translating and Interpreting Service (TIS National) on **131 450**.

### Multicultural Service Officers

Multicultural Service Officers work with community groups and organisations to help migrants and refugees connect with our payments and services.

## Refugee services

If you have arrived in Australia on a refugee or humanitarian visa, or you were granted a Permanent Protection Visa in Australia, we can help you settle into your new life. Our refugee services can help you with financial assistance, Medicare enrolment, to get a Tax File Number and referrals for:

- English language classes
- education and training
- employment assistance
- other government and community services.

If you have a Humanitarian Settlement Program provider, they will help you access our services. If you do not have someone to help you, call **131 202** to speak to someone in your language.

## Social workers

Our social workers can provide short term counselling, information and referrals to support services to help you through a difficult time. You can ask to speak with a social worker by calling any Centrelink payment line or by visiting a service centre.

## International Services

We can check if you can get a payment from us based on a social security agreement with another country. We can also help you claim a foreign pension. Contact us on **131 673**.

# Other information

## Tell us about changes in your life

You need to tell us if your circumstances change. This can include changing your address, starting or stopping work or study, or if you have a baby.

If you do not tell us about changes to your circumstances, we may pay you too much and you will need to pay it back to us.

We do regular reviews to ensure people get the right payment and the right amount.

For information on what to update and how, go to **servicesaustralia.gov.au/notifychanges**

## Owing money

Sometimes people owe us money. If you owe us money you will need to pay us back. For more information go to **servicesaustralia.gov.au/owingmoney**

### Assurance of Support

An Assurance of Support is a commitment by an individual or an organisation to support a person who is applying to migrate to Australia.

If you are in Australia under an Assurance of Support arrangement and you are paid certain income support payments from us, your assurer must repay the full amount while the arrangement is in place.

## Learning English

We can help you access classes where you can learn or improve your English. You will need to learn English if you want to become an Australian citizen.

If you were granted a visa to come to Australia as a migrant, refugee or humanitarian entrant, you can access free English classes through the Department of Home Affairs' Adult Migrant English Program (AMEP). You will need to register with one of the AMEP service providers within 6 months (or 12 months if aged between 15 and 17 years) of arriving in Australia or being granted permanent residence.

The Skills for Education and Employment program can help you improve your English, reading, writing and basic maths skills to increase your chances of getting and keeping a job. To find out if you are eligible for this program, call us or visit a service centre.

### Family and domestic violence

We support people affected by family and domestic violence by providing information, resources and referrals.

We have information available in different languages. If you or someone you know is affected by family and domestic violence, go to **servicesaustralia.gov.au/domesticviolence**

Support is also available from:

1800RESPECT—1800 737 732 or 1800RESPECT.org.au

MensLine Australia—1300 789 978 or mensline.org.au

## Extra assistance

### Getting someone to deal with us on your behalf

If you would prefer to have someone else handle your Centrelink, Medicare or Child Support business, you can authorise a person or organisation to deal with us on your behalf.

For more information about these arrangements:

- go to **servicesaustralia.gov.au/authorisedrepresentative**
- call us
- visit a service centre.

### Managing your money

The way you use your money will change over your lifetime. For information to help you at different times in your life go to **servicesaustralia.gov.au/managingmoney**

### Centrepay

Centrepay is a voluntary bill-paying service which is free for customers. Use Centrepay to arrange regular deductions from your Centrelink payment. You can pay your regular bills and other expenses such as rent, electricity and phone. You can start or stop using Centrepay whenever you like. To set up or manage your deductions you can use your Centrelink online account via myGov or the Express Plus mobile app.

For more information or to find an approved business go to **servicesaustralia.gov.au/centrepay**

## Additional payments and services

We understand you may have some costs or issues you need extra help with. You may also access some of the following:

- Rent Assistance
- Child Care Subsidy
- Rent Deduction Scheme
- Agents and Access Points
- Financial Information Service.

For more information about these payments and services go to **servicesaustralia.gov.au** or call us.

# Do your business online

It is easy to do business with us online, anytime and anywhere. Use a Centrelink or Medicare online account to access your information and do your business without needing to call or visit us.

## myGov and online accounts

myGov gives you access to government services online all in one place.

Go to **my.gov.au** and follow the prompts to create your myGov account. To link your online account, select **Services** and then **Medicare** or **Centrelink**. You will need to answer some questions, specific to you. This helps us link the correct record to your myGov account.

For more information about myGov go to **servicesaustralia.gov.au/mygov**

To create a myGov account, or register for a Medicare or Centrelink online account, go to **servicesaustralia.gov.au/register**

For help with your myGov account, Centrelink online account and Medicare online accounts, go to **servicesaustralia.gov.au/onlineguides**

## myGov Code Generator app

If you are planning to travel overseas or you have limited mobile reception, you may need the myGov Code Generator app.

myGov Code Generator creates codes. You enter a code from the app when you sign in to your myGov account at **my.gov.au**. You cannot sign in to your myGov account through the app.

If you are travelling overseas and you have a mobile device, make sure you download and set up the app before you go.

For important information about myGov Code Generator go to **servicesaustralia.gov.au/mygov**

## Express Plus mobile apps

Use our Express Plus mobile apps to do business with us 24 hours a day, 7 days a week. You will need a myGov account linked to Centrelink or Medicare, before you can set up the app.

For more information about the tasks you can do with our apps go to **servicesaustralia.gov.au/expressplus**

## Scams and your online security

Keep your information safe online. Go to **servicesaustralia.gov.au/scams** to find out how.

If you think you have been scammed call our Scams and Identity Theft Helpdesk on **1800 941 126**.

## Keeping up to date

To find out about changes being made to payments and services:

- visit and subscribe to our online news service for up-to-date information at **servicesaustralia.gov.au/multicultural**
- like us on **facebook.com/ServicesAustralia** and ask us a question
- follow us on Twitter at **twitter.com/ServicesGovAU**

## Information in other formats

Some information is available in audio CD/DVD, large print, Braille and e-text. Call us on **132 717** with your request.

If you are deaf or have a hearing or speech impairment call the National Relay Service Helpdesk on **1800 555 660** or go to **communications.gov.au/accesshub**

# For more information

- Call your regular payment number and let us know you need an interpreter. We will arrange one for free. For a list of our phone numbers, go to **servicesaustralia.gov.au/phoneus**
- Call **131 202** to speak with us in your language about Centrelink payments and services.
- Call the Translating and Interpreting Service (TIS National) on **131 450** to speak with us in your language about Medicare and Child Support payments and services.
- Go to **servicesaustralia.gov.au/yourlanguage** for more information in your language.

**Note**: calls from your home phone to ‘13’ numbers from anywhere in Australia are charged at a fixed rate. That rate may vary from the price of a local call and may also vary between telephone service providers. Calls to ‘1800’ numbers from your home phone are free. Calls from public and mobile phones may be timed and charged at a higher rate.

**Disclaimer:** this information is accurate as at July 2020. The information contained in this publication is intended only as a guide to payments and services. It is your responsibility to decide if you wish to apply for a payment and to make an application, with regard to your particular circumstances.